ਨਿਊਜ਼ ਰਿਲੀਜ਼

# ਫੋਸਟਰ ਪਰਿਵਾਰਾਂ ਲਈ ਵਿੱਤੀ ਤਣਾਅ ਨੂੰ ਘਟਾਉਣਾ

05 ਜੂਨ, 2024 ਮੀਡੀਆ ਪੁੱਛਗਿੱਛ

## ਅਲਬਰਟਾ ਦੀ ਸਰਕਾਰ ਸਰਕਾਰੀ ਦੇਖਭਾਲ ਵਿਚਲੇ ਨੌਜਵਾਨਾਂ ਦੀ ਦੇਖਭਾਲ ਕਰਨ ਵਿੱਚ ਫੋਸਟਰ, ਰਿਸ਼ਤੇਦਾਰੀ ਅਤੇ ਹੋਰ ਦੇਖਭਾਲਕਰਤਾਵਾਂ ਦੀ ਮਦਦ ਕਰਨ ਲਈ ਤਿੰਨ ਸਾਲਾਂ ਵਿੱਚ $22 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ।

ਫੋਸਟਰ ਅਤੇ ਰਿਸ਼ਤੇਦਾਰੀ ਵਾਲੇ ਮਾਪੇ ਸਰਕਾਰੀ ਦੇਖਭਾਲ ਵਿਚਲੇ ਨੌਜਵਾਨਾਂ ਦੀ ਆਪਣੇ ਭੈਣ-ਭਰਾ, ਸੱਭਿਆਚਾਰ ਅਤੇ ਭਾਈਚਾਰੇ ਨਾਲ ਜੁੜੇ ਰਹਿਣ ਵਿੱਚ ਮਦਦ ਕਰਨ ਲਈ ਮਹੱਤਵਪੂਰਨ ਹੁੰਦੇ ਹਨ, ਪਰ ਰਹਿਣ-ਸਹਿਣ ਦੀ ਵੱਧ ਰਹੀ ਲਾਗਤ ਦਾ ਮਤਲਬ ਹੈ ਕਿ ਉਹ ਭੋਜਨ ਅਤੇ ਕੱਪੜਿਆਂ ਵਰਗੀਆਂ ਰੋਜ਼ਾਨਾ ਲੋੜਾਂ ਨੂੰ ਪੂਰਾ ਕਰਨ ਵਿੱਚ ਵਧੇ ਹੋਏ ਵਿੱਤੀ ਦਬਾਅ ਦਾ ਸਾਹਮਣਾ ਕਰਦੇ ਹਨ।

ਫੋਸਟਰ ਅਤੇ ਰਿਸ਼ਤੇਦਾਰੀ ਵਿੱਚ ਦੇਖਭਾਲਕਰਤਾਵਾਂ ਲਈ ਜੀਵਨ ਨੂੰ ਹੋਰ ਕਿਫ਼ਾਇਤੀ ਬਣਾਉਣ ਲਈ, ਅਤੇ ਉਹਨਾਂ ਦੀ ਮਜ਼ਬੂਤ ਵਕਾਲਤ ਦਾ ਜਵਾਬ ਦੇਣ ਲਈ, 1 ਜੂਨ ਤੋਂ ਪ੍ਰਭਾਵੀ, ਅਲਬਰਟਾ ਵੱਖ-ਵੱਖ ਦੇਖਭਾਲਕਰਤਾਵਾਂ ਦੀਆਂ ਦਰਾਂ ਨੂੰ ਵਿਵਸਥਿਤ ਕਰ ਰਿਹਾ ਹੈ। ਇਸ ਨਾਲ ਸੂਬੇ ਭਰ ਵਿੱਚ ਤਕਰੀਬਨ 7,000 ਦੇਖਭਾਲਕਰਤਾਵਾਂ ਅਤੇ 10,000 ਬੱਚਿਆਂ, ਨੌਜਵਾਨਾਂ ਅਤੇ ਨੌਜਵਾਨ ਬਾਲਗਾਂ ਨੂੰ ਲਾਭ ਹੋਵੇਗਾ ਜਿਨ੍ਹਾਂ ਦੀ ਉਹ ਦੇਖਭਾਲ ਕਰਦੇ ਹਨ ਅਤੇ ਇਹ ਯਕੀਨੀ ਬਣੇਗਾ ਕਿ ਉਹ ਉਨ੍ਹਾਂ ਕਮਜ਼ੋਰ ਬੱਚਿਆਂ ਅਤੇ ਨੌਜਵਾਨਾਂ ਲਈ ਸਥਿਰ ਅਤੇ ਪਿਆਰ ਕਰਨ ਵਾਲੇ ਘਰ ਪ੍ਰਦਾਨ ਕਰਨਾ ਜਾਰੀ ਰੱਖ ਸਕਦੇ ਹਨ ਜਿਨ੍ਹਾਂ ਨੂੰ ਰਹਿਣ ਲਈ ਇੱਕ ਸੁਰੱਖਿਅਤ ਜਗ੍ਹਾ ਦੀ ਲੋੜ ਹੈ। ਜਿਹੜੇ ਪਰਿਵਾਰ ਸਰਕਾਰੀ ਦੇਖਭਾਲ ਵਿਚਲੇ ਬੱਚਿਆਂ ਨੂੰ ਗੋਦ ਲੈਂਦੇ ਹਨ ਜਾਂ ਉਹਨਾਂ ਦੇ ਨਿੱਜੀ ਸਰਪ੍ਰਸਤ ਬਣਦੇ ਹਨ, ਉਹਨਾਂ 'ਤੇ ਵੀ ਇਹਨਾਂ ਤਬਦੀਲੀਆਂ ਸਕਾਰਾਤਮਕ ਅਸਰ ਪਵੇਗਾ।

"ਫੋਸਟਰ ਅਤੇ ਰਿਸ਼ਤੇਦਾਰੀ ਦੇਖਭਾਲਕਰਤਾ ਆਪਣੇ ਦਿਲਾਂ ਅਤੇ ਘਰਾਂ ਨੂੰ ਖੋਲ੍ਹ ਕੇ ਨੌਜਵਾਨਾਂ ਨੂੰ ਉਹ ਸੰਬੰਧ ਅਤੇ ਸਹਾਇਤਾ ਮੁਹੱਈਆ ਕਰਦੇ ਹਨ ਜਿਸਦੀ ਉਹਨਾਂ ਨੂੰ ਵਧਣ-ਫੁੱਲਣ ਅਤੇ ਸਫਲ ਹੋਣ ਲਈ ਲੋੜ ਹੁੰਦੀ ਹੈ। ਇਸ ਨਿਵੇਸ਼ ਦਾ ਮਤਲਬ ਹੈ ਕਿ ਦੇਖਭਾਲਕਰਤਾ ਪਰਿਵਾਰ ਆਪਣੇ ਵਿੱਤ ਬਾਰੇ ਘੱਟ ਚਿੰਤਾ ਕਰ ਸਕਦੇ ਹਨ ਅਤੇ ਉਸ 'ਤੇ ਧਿਆਨ ਕੇਂਦ੍ਰਿਤ ਕਰ ਸਕਦੇ ਹਨ ਜੋ ਉਹ ਸਭ ਤੋਂ ਵਧੀਆ ਕਰਦੇ ਹਨ: ਬੱਚਿਆਂ ਅਤੇ ਨੌਜਵਾਨਾਂ ਨੂੰ ਭਵਿੱਖ ਲਈ ਮਜ਼ਬੂਤ ਨੀਂਹ ਪ੍ਰਦਾਨ ਕਰਨਾ।"

ਸੇਰਲੇ ਟਰਟਨ (Searle Turton), ਬੱਚਿਆਂ ਅਤੇ ਪਰਿਵਾਰਕ ਸੇਵਾਵਾਂ ਦੇ ਮੰਤਰੀ

ਅਸਥਾਈ ਅਤੇ ਸਥਾਈ ਦੇਖਭਾਲਕਰਤਾਵਾਂ ਨੂੰ ਜੂਨ ਵਿੱਚ ਬੁਨਿਆਦੀ ਰੱਖ-ਰਖਾਅ ਦਰਾਂ, ਹੁਨਰ ਫੀਸਾਂ ਦੇ ਨਾਲ-ਨਾਲ ਬੱਚਿਆਂ ਦੀ ਦੇਖਭਾਲ ਅਤੇ ਪ੍ਰਤੀ ਦਿਨ ਰਾਹਤ ਵਿੱਚ 4.2 ਪ੍ਰਤਿਸ਼ਤ ਦਾ ਵਾਧਾ ਪ੍ਰਾਪਤ ਹੋਇਆ ਹੈ।

ਇਹ ਵਾਧਾ ਹੋਰ ਸਰਕਾਰੀ ਪ੍ਰੋਗਰਾਮਾਂ ਦੇ ਵਾਧੇ ਨਾਲ ਮੇਲ ਖਾਂਦਾ ਹੈ, ਜਿਨ੍ਹਾਂ ਵਿੱਚ ਅਲਬਰਟਾ ਬਾਲ ਅਤੇ ਪਰਿਵਾਰ ਲਾਭ (Alberta Child and Family Benefit), ਗੰਭੀਰ ਰੂਪ ਵਿੱਚ ਅਪਾਹਜਾਂ ਲਈ ਨਿਸ਼ਚਿਤ ਆਮਦਨ (Assured Income for the Severely Handicapped - AISH), ਆਮਦਨ ਸਹਾਇਤਾ (Income Support) , ਅਤੇ ਅਲਬਰਟਾ ਬਜ਼ੁਰਗਾਂ ਲਈ ਲਾਭ (Alberta Seniors Benefit) ਸ਼ਾਮਲ ਹਨ।

ਇਹ ਨਵਾਂ ਨਿਵੇਸ਼ ਪਤਝੜ 2023 ਵਿੱਚ ਐਲਾਨ ਕੀਤੇ ਫੋਸਟਰ ਦੇਖਭਾਲਕਰਤਾਵਾਂ ਅਤੇ ਦੇਖਭਾਲ ਅਧੀਨ ਨੌਜਵਾਨਾਂ ਲਈ ਨਵੇਂ ਸਮਰਥਨ ਅਤੇ ਸਥਿਰਤਾ ਉਪਾਵਾਂ ਵਿੱਚ $23.6 ਮਿਲੀਅਨ ਤੋਂ ਵੱਧ ਨੂੰ ਅੱਗੇ ਵਧਾਉਂਦਾ ਹੈ, ਜਿਸ ਵਿੱਚ ਕਾਉਂਸਲਿੰਗ ਸੈਸ਼ਨਾਂ ਦੀ ਕਵਰੇਜ, ਰੈਫਰ-ਏ-ਫੋਸਟਰ ਕੇਅਰਗਿਵਰ (Refer-a-Foster Caregiver) ਪ੍ਰੋਗਰਾਮ ਨੂੰ ਲਾਗੂ ਕਰਨਾ, ਅਤੇ ਟ੍ਰਾਂਜੀਸ਼ਨ ਟੂ ਅਡਲਟਹੁੱਡ (Transition to Adulthood) ਪ੍ਰੋਗਰਾਮ ਦੇ ਭਾਗੀਦਾਰਾਂ (22 ਸਾਲ ਦੀ ਉਮਰ ਤੱਕ) ਦੀ ਦੇਖਭਾਲ ਕਰਨ ਵਾਲੇ ਦੇਖਭਾਲਕਰਤਾਵਾਂ ਨੂੰ ਰੋਜ਼ਾਨਾ ਹੁਨਰ ਫ਼ੀਸ ਅਤੇ ਵਿਸ਼ੇਸ਼ ਦਰਾਂ ਦੇਣਾ ਸ਼ਾਮਲ ਹੈ।

ਇਹ ਨਿਵੇਸ਼ ਅਲਬਰਟਾ ਪਰਿਵਾਰਾਂ ਲਈ ਗੋਦ ਲੈਣ ਨੂੰ ਹੋਰ ਕਿਫ਼ਾਇਤੀ ਬਣਾਉਣ ਲਈ ਬਸੰਤ 2023 ਵਿੱਚ ਐਲਾਨੇ ਗਏ ਗੋਦ ਲੈਣ ਦੇ ਨਵੇਂ ਸਮਰਥਨਾਂ ਨੂੰ ਵੀ ਅੱਗੇ ਵਧਾਉਂਦਾ ਹੈ। ਇਹਨਾਂ ਸਹਾਇਤਾਵਾਂ ਵਿੱਚ ਤਿੰਨ ਸਾਲਾਂ ਵਿੱਚ ਵਧੇ ਹੋਏ ਟੈਕਸ ਬ੍ਰੇਕਾਂ 'ਤੇ ਹਰ ਸਾਲ $4 ਮਿਲੀਅਨ ਦਾ ਨਿਵੇਸ਼ ਕਰਨਾ, ਲਾਇਸੰਸਸ਼ੁਦਾ ਏਜੰਸੀ ਗੋਦ ਲੈਣ ਦੇ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਸਬਸਿਡੀਆਂ, ਅਤੇ ਅਲਬਰਟਾ ਵਿੱਚ ਗੋਦ ਲਏ ਗਏ ਬੱਚਿਆਂ ਲਈ ਸਿਹਤ ਕਵਰੇਜ ਵਿੱਚ ਵਾਧਾ ਕਰਨਾ ਸ਼ਾਮਲ ਹੈ।

## ਅਹਿਮ ਤੱਥ

- ਵਰਤਮਾਨ ਵਿੱਚ 1,477 ਫੋਸਟਰ ਦੇਖਭਾਲਕਰਤਾ, 2,313 ਰਿਸ਼ਤੇਦਾਰ ਦੇਖਭਾਲਕਰਤਾ ਅਤੇ 3,013 ਪਰਿਵਾਰ ਹਨ ਜੋ ਗੋਦ ਲੈਣ ਜਾਂ ਨਿੱਜੀ ਸਰਪ੍ਰਸਤੀ ਦੁਆਰਾ ਸਥਾਈ ਘਰ ਦੀ ਪੇਸ਼ਕਸ਼ ਕਰ ਰਹੇ ਹਨ।

## ਸਬੰਧਿਤ ਖ਼ਬਰਾਂ

- ਅਲਬਰਟਾ ਨੇ ਗੋਦ ਲੈਣ ਸੰਬੰਧੀ ਸਬਸਿਡੀ ਦੀਆਂ ਅਰਜ਼ੀਆਂ ਨੂੰ ਖੋਲ੍ਹਿਆ (19 ਦਸੰਬਰ, 2023)
- ਫੋਸਟਰ ਦੇਖਭਾਲਕਰਤਾਵਾਂ ਲਈ ਸਹਾਇਤਾ ਨੂੰ ਵਧਾਉਣਾ (24 ਅਕਤੂਬਰ, 2023)
- ਗੋਦ ਲੈਣ ਨੂੰ ਹੋਰ ਕਿਫ਼ਾਇਤੀ ਬਣਾਉਣਾ (22 ਮਾਰਚ, 2023)
- ਮੁਹਿੰਮ ਨੇ ਫੋਸਟਰ ਮਾਪਿਆਂ ਦੀ ਲੋੜ ਨੂੰ ਉਜਾਗਰ ਕੀਤਾ (3 ਫਰਵਰੀ, 2023)

## ਸੰਬੰਧਿਤ ਜਾਣਕਾਰੀ

- ਫੋਸਟਰ ਮਾਪਾ ਬਣੋ
- ਗੋਦ ਲੈਣਾ

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ

## ਮੀਡੀਆ ਵੱਲੋਂ ਪੁੱਛ-ਗਿਛ


### ਐਸ਼ਲੀ ਬੈਰੇਟ (Ashli Barrett)

587-545-8821
ਪ੍ਰੈੱਸ ਸਕੱਤਰ, ਬੱਚੇ ਅਤੇ ਪਰਿਵਾਰ ਸੇਵਾਵਾਂ